ਘਰੇਲੂ ਬਗੀਚੀ: ਪਰਿਵਾਰ ਦੀ ਪੋਸ਼ਣ ਸੁਰੱਖਿਆ ਅਤੇ ਵਾਧੂ ਆਮਦਨ ਦਾ ਸਰੋਤ

ਏਐੱਮਈ ਫਾਊਂਡੇਸ਼ਨ

ਬਰਸਾਤ 'ਤੇ ਨਿਰਭਰ ਖੇਤੀ ਕਰਨ ਵਾਲੇ ਕਿਸਾਨਾਂ ਦੀ ਆਮਦਨ ਮੌਸਮ ਦੀ ਮਾਰ ਕਾਰਨ ਅਕਸਰ ਅਸਥਿਰ ਰਹਿੰਦੀ ਹੈ। ਅਜਿਹੇ ਹਾਲਾਤਾਂ ਵਿੱਚ ਖੇਤੀ ਨਾਲ ਜੁੜੇ ਹੋਰ ਛੋਟੇ-ਛੋਟੇ ਉਪਰਾਲੇ ਕਿਸਾਨਾਂ ਲਈ ਵੱਡਾ ਸਹਾਰਾ ਬਣਦੇ ਹਨ। ਘਰੇਲੂਬਗੀਚੀ ਵੀ ਅਜਿਹਾ ਹੀ ਇੱਕ ਉਪਰਾਲਾ ਹੈ, ਜੋ ਪਰਿਵਾਰ ਨੂੰ ਤਾਜ਼ਾ ਅਤੇ ਪੌਸ਼ਟਿਕ ਭੋਜਨ, ਵਾਧੂਆਮਦਨ ਅਤੇ ਪੋਸ਼ਣ ਸੁਰੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਔਰਤਾਂ ਨੂੰ ਆਤਮਨਿਰਭਰ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ।

ਕਰਨਾਟਕ ਦੇ ਧਾਰਵਾੜ ਜ਼ਿਲ੍ਹੇ ਦੇ ਹੁਬਲੀ ਤਹਿਸੀਲ ਵਿੱਚ ਸਥਿਤ ਹੰਨਾਪੁਰ ਅਤੇ ਚੌਰਾਗੁੱਡਾ ਪਿੰਡਾਂ ਵਿੱਚ ਜ਼ਿਆਦਾਤਰ ਕਿਸਾਨ ਛੋਟੇ ਖੇਤ ਵਾਲੇ ਹਨ। ਉਹ ਬਰਸਾਤ ਤੇ ਨਿਰਭਰ ਖੇਤੀ ਕਰਦੇ ਹਨ। ਮਿੱਟੀ ਦੀ ਉਪਜਾਊ ਸ਼ਕਤੀ ਘਟਣ ਅਤੇ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਖੇਤੀ ਦੀ ਲਾਗਤ ਲਗਾਤਾਰ ਵਧ ਰਹੀ ਹੈ। ਇਸ ਨਾਲ ਬਾਹਰੀ ਸਾਧਨਾਂ ਤੇ ਨਿਰਭਰਤਾ ਵਧੀ ਹੈ, ਉਤਪਾਦਨ ਘਟਿਆ ਹੈ, ਆਮਦਨ ਅਣਿਸ਼ਚਿਤ ਹੋ ਗਈ ਹੈ ਅਤੇ ਰਸਾਇਣਾਂ ਨਾਲ ਭਰਪੂਰ ਖੁਰਾਕ ਪੈਦਾ ਹੋ ਰਹੀ ਹੈ।

ਜਲਵਾਯੂਪਰਿਵਰਤਨ ਕਾਰਨ ਬੇਤਰਤੀਬ ਮੌਸਮ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ। ਪਰਿਵਾਰਾਂ ਦੀ ਖੁਰਾਕ ਅਤੇ ਪੋਸ਼ਣ ਸੁਰੱਖਿਆ ਵੀ ਪ੍ਰਭਾਵਿਤ ਹੋ ਰਹੀ ਹੈ। ਕੁਦਰਤ-ਅਨੁਕੂਲ ਅਤੇ ਟਿਕਾਊਖੇਤੀ ਬਾਰੇ ਸਹੀ ਮਾਰਗਦਰਸ਼ਨ ਨਾ ਮਿਲਣ ਕਾਰਨ ਖ਼ਾਸ ਕਰਕੇ ਨੌਜਵਾਨ ਖੇਤੀ ਤੋਂ ਦੂਰ ਹੋ ਰਹੇ ਹਨ।

ਸੈਨਾਜ਼ਾ ਦੀ ਸਫ਼ਲਤਾ ਦੀ ਕਹਾਣੀ

ਸ਼੍ਰੀਮਤੀ ਸੈਨਾਜ਼ਾ ਐਮ. ਸ਼ੇਟਾਸਨਾਦੀ ਕਰਨਾਟਕ ਦੇ ਧਾਰਵਾੜ ਜ਼ਿਲ੍ਹੇ ਦੀ ਹੁਬਲੀ ਤਹਿਸੀਲ ਦੇ ਚੰਨਾਪੁਰ ਪਿੰਡ ਵਿੱਚ ਆਪਣੇ ਚਾਰ ਮੈਂਬਰੀ ਪਰਿਵਾਰ ਨਾਲ ਰਹਿੰਦੀ ਹੈ। ਉਨ੍ਹਾਂ ਦੇ ਪਰਿਵਾਰ ਦੀ ਆਮਦਨ ਦਾ ਮੁੱਖ ਸਰੋਤ ਖੇਤੀ ਹੈ। ਉਨ੍ਹਾਂ ਕੋਲ ਦੋ ਏਕੜ ਖੇਤੀਯੋਗ ਜ਼ਮੀਨ ਹੈ। ਘਰ ਦੇ ਪਿਛਲੇ ਹਿੱਸੇ ਵਿੱਚ ਥੋੜ੍ਹੀ ਜਗ੍ਹਾ ਹੋਣ ਕਰਕੇ ਸੈਨਾਜ਼ਾ ਦੀ ਇੱਛਾ ਸੀ ਕਿ ਉਹ ਆਪਣੇ ਪਰਿਵਾਰ ਲਈ ਤਾਜ਼ੀਆਂ, ਰਸਾਇਣ-ਮੁਕਤ ਅਤੇ ਪੌਸ਼ਟਿਕ ਸਬਜ਼ੀਆਂ ਉਗਾਏ। ਇਸ ਲਈ ਉਨ੍ਹਾਂ ਨੇ ਘਰੇਲੂਬਗੀਚੀ ਰਾਹੀਂ ਟਿਕਾਊਬਾਗਬਾਨੀ ਦੇ ਤਰੀਕੇ ਅਪਣਾਏ। ਉਹ ਇਹ ਜਾਣਨ ਲਈ ਬਹੁਤ ਉਤਸੁਕ ਸੀ ਕਿ ਕੁਦਰਤ-ਅਨੁਕੂਲ ਤਰੀਕਿਆਂ ਨਾਲ ਇੱਕ ਛੋਟੀ ਜਿਹੀ ਜਗ੍ਹਾ ਨੂੰ ਵੀ ਉਪਜਾਊਅਤੇ ਵਾਤਾਵਰਨ-ਪੱਖੀ ਬਗੀਚੀ ਵਿੱਚ ਕਿਵੇਂ ਬਦਲਿਆ ਜਾ ਸਕਦਾ ਹੈ।

ਸੈਨਾਜ਼ਾ ਉਨ੍ਹਾਂ ਮਹਿਲਾਵਾਂ ਵਿੱਚੋਂ ਇੱਕ ਸੀ, ਜਿਨ੍ਹਾਂ ਨੂੰ ਘਰੇਲੂਬਗੀਚੀ ਬਾਰੇ ਸਿਖਲਾਈ ਦਿੱਤੀ ਗਈ ਅਤੇ ਵੱਖ-ਵੱਖ ਕਿਸਮਾਂ ਦੇ ਸਬਜ਼ੀਆਂ ਦੇ ਬੀਜਾਂ ਵਾਲੀ ਕਿੱਟ ਵੀ ਮੁਹੱਈਆ ਕਰਵਾਈ ਗਈ। ਉਨ੍ਹਾਂ ਨੇ ਆਪਣੇ ਘਰ ਦੇ ਪਿੱਛਲੇ ਹਿੱਸੇ ਵਿੱਚ ਅਜਿਹੀ ਥਾਂ ਚੁਣੀ ਜਿੱਥੇ ਭਰਪੂਰ ਧੁੱਪ ਆਉਂਦੀ ਸੀ। ਉਨ੍ਹਾਂ ਨੇ ਘਰ ਵਿੱਚ ਬਣਾਈ ਕੰਪੋਸਟ ਅਤੇ ਜੈਵਿਕ ਖਾਦ ਮਿੱਟੀ ਵਿੱਚ ਮਿਲਾਈ ਅਤੇ ਘੱਟ ਜਗ੍ਹਾ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਉੱਚੀਆਂ ਕਿਆਰੀਆਂ, ਖੜ੍ਹੀ ਬਾਗਬਾਨੀ (ਵਰਟੀਕਲ ਗਾਰਡਨਿੰਗ) ਅਤੇ ਗਮਲਿਆਂ ਦੀ ਯੋਜਨਾਬੱਧ ਵਰਤੋਂ ਕੀਤੀ। ਉਨ੍ਹਾਂ ਨੇ ਰਸੋਈ ਦੇ ਜੈਵਿਕ ਕੂੜੇ, ਬਗੀਚੀ ਦੀ ਛਾਂਟੀ ਤੋਂ ਨਿਕਲੇ ਕੂੜੇ ਅਤੇ ਸੁੱਕੇ ਪੱਤਿਆਂ ਤੋਂ ਪੌਸ਼ਟਿਕ ਕੰਪੋਸਟ ਖਾਦ ਤਿਆਰ ਕੀਤੀ, ਜਿਸ ਦੀ ਵਰਤੋਂ ਬਗੀਚੀ ਦੀਆਂ ਕਿਆਰੀਆਂ ਵਿੱਚ ਕੀਤੀ ਗਈ। ਪੌਦਿਆਂ ਦੇ ਚੰਗੇ ਵਾਧੇ ਅਤੇ ਉਨ੍ਹਾਂ ਦੀ ਰੋਗ ਪ੍ਰਤੀਰੋਧਕ ਸਮੱਰਥਾ ਵਧਾਉਣ ਲਈ ਉਨ੍ਹਾਂ ਨੇ ਪੰਚਗਵਿਆ ਅਤੇ ਜੀਵਾਮ੍ਰਿਤ ਵਰਗੇ ਜੈਵਿਕ ਤਰਲ ਘੋਲ ਵਰਤੇ। ਕੀੜਿਆਂ ਅਤੇ ਬਿਮਾਰੀਆਂ ਤੋਂ ਬਚਾਅ ਲਈ ਉਨ੍ਹਾਂ ਨੇ ਨਿੰਮ ਦੇ ਤੇਲ ਦਾ ਛਿੜਕਾਅ ਕੀਤਾ। ਮਿੱਟੀ ਵਿੱਚ ਨਮੀ ਬਣਾਈ ਰੱਖਣ, ਨਦੀਨਾਂ ਨੂੰ ਘਟਾਉਣ ਅਤੇ ਮਿੱਟੀ ਦੀ ਉਪਜਾਊਸ਼ਕਤੀ ਵਧਾਉਣ ਲਈ ਉਨ੍ਹਾਂ ਨੇ ਪਰਾਲੀ ਅਤੇ ਸੁੱਕੇ ਪੱਤਿਆਂ ਨਾਲ ਮਲਚਿੰਗ ਵੀ ਕੀਤੀ।

ਸੈਨਾਜ਼ਾ ਦੱਸਦੀ ਹੈ ਕਿ ਪਹਿਲਾਂ ਉਨ੍ਹਾਂ ਦੇ ਪਰਿਵਾਰ ਨੂੰ ਹਰ ਮਹੀਨੇ ਸਬਜ਼ੀਆਂ ਖਰੀਦਣ ਲਈ ਲਗਭਗ 800 ਤੋਂ 1000 ਰੁਪਏ ਖਰਚ ਕਰਨੇ ਪੈਂਦੇ ਸਨ। ਹੁਣ ਉਹ ਆਪਣੀ ਘਰੇਲੂਬਗੀਚੀ ਵਿੱਚ ਹੀ ਸਬਜ਼ੀਆਂ ਉਗਾ ਲੈਂਦੀ ਹੈ। ਇੱਕ ਸੀਜ਼ਨ ਦੌਰਾਨ ਉਨ੍ਹਾਂ ਨੇ ਲਗਭਗ 3,800 ਰੁਪਏ ਮੁੱਲ ਦੀਆਂ ਸਬਜ਼ੀਆਂ ਆਪਣੇ ਘਰ ਵਿੱਚ ਹੀ ਪੈਦਾ ਕੀਤੀਆਂ।

ਸੈਨਾਜ਼ਾ ਦਾ ਇਹ ਉਪਰਾਲਾ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰ ਨੂੰ ਤਾਜ਼ੀਆਂ ਅਤੇ ਸਿਹਤਮੰਦ ਸਬਜ਼ੀਆਂ ਮੁਹੱਈਆ ਕਰਵਾ ਰਿਹਾ ਹੈ, ਸਗੋਂ ਵਾਤਾਵਰਨ ਦੀ ਸੰਭਾਲ ਅਤੇ ਸਮਾਜਿਕ ਜਾਗਰੂਕਤਾ ਨੂੰ ਵੀ ਉਤਸ਼ਾਹਿਤ ਕਰ ਰਿਹਾ ਹੈ। ਉਹ ਆਪਣੇ ਗੁਆਂਢੀਆਂ ਨਾਲ ਵੀ ਆਪਣਾ ਤਜਰਬਾ ਅਤੇ ਜਾਣਕਾਰੀ ਸਾਂਝੀ ਕਰਦੀ ਹੈ। ਉਨ੍ਹਾਂ ਦੀ ਪ੍ਰੇਰਣਾ ਨਾਲ ਪਿੰਡ ਦੇ ਕਈ ਹੋਰ ਪਰਿਵਾਰਾਂ ਨੇ ਵੀ ਘਰੇਲੂਬਗੀਚੀ ਬਣਾਉਣੀ ਸ਼ੁਰੂਕਰ ਦਿੱਤੀ ਹੈ, ਜਿਸ ਨਾਲ ਕੁਦਰਤ-ਅਨੁਕੂਲ ਅਤੇ ਸਿਹਤਮੰਦ

ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਸਾਲ 2023 ਵਿੱਚ ME Foundation ਨੇ Rotary Club Indiranagar ਦੇ ਸਹਿਯੋਗ ਨਾਲ ਕਿਸਾਨਾਂ ਦੀ ਆਮਦਨ ਸੁਧਾਰਨ ਅਤੇ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਪ੍ਰੋਜੈਕਟ ਸ਼ੁਰੂ ਕੀਤਾ। ਇਸ ਤਹਿਤ ਕਿਸਾਨਾਂ ਨੂੰ ਮੱਕੀ, ਸੋਇਆਬੀਨ ਅਤੇ ਜਵਾਰ ਵਰਗੀਆਂ ਫਸਲਾਂ ਵਿੱਚ ਕੁਦਰਤੀ ਖੇਤੀ ਦੇ ਤਰੀਕਿਆਂ ਬਾਰੇ ਸਿਖਲਾਈ ਦਿੱਤੀ ਗਈ। ਨਾਲ ਹੀ, ਘਰੇਲੂਬਗੀਚੀ ਲਗਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ, ਤਾਂ ਜੋ ਪਰਿਵਾਰਾਂ ਨੂੰ ਪੌਸ਼ਟਿਕ ਭੋਜਨ ਅਤੇ ਵਾਧੂਆਮਦਨ ਮਿਲ ਸਕੇ।

ਘਰੇਲੂ ਬਗੀਚੀ

ਇਸ ਪ੍ਰੋਜੈਕਟ ਦਾ ਇੱਕ ਮਹੱਤਵਪੂਰਨ ਹਿੱਸਾ ਪੇਂਡੂਮਹਿਲਾਵਾਂ ਨੂੰ ਆਪਣੇ ਘਰਾਂ ਦੇ ਪਿਛਲੇ ਹਿੱਸੇ ਵਿੱਚ ਘਰੇਲੂਬਗੀਚੀ ਤਿਆਰ ਕਰਨ ਲਈ ਪ੍ਰੇਰਿਤ ਕਰਨਾ ਸੀ। ਇਸ ਨਾਲ ਪਰਿਵਾਰਾਂ ਦੇ ਭੋਜਨ ਵਿੱਚ ਵੱਖ-ਵੱਖ ਕਿਸਮ ਦੀਆਂ ਤਾਜ਼ੀਆਂ ਸਬਜ਼ੀਆਂ ਸ਼ਾਮਲ ਹੋਣ ਲੱਗੀਆਂ ਅਤੇ ਬਾਜ਼ਾਰ ਤੋਂ ਸਬਜ਼ੀਆਂ ਖਰੀਦਣ ਦੀ ਲੋੜ ਵੀ ਘੱਟ ਹੋ ਗਈ।

ਹਰ ਇੱਛੁਕ ਪਰਿਵਾਰ ਨੂੰ 10 ਤੋਂ 13 ਕਿਸਮਾਂ ਦੇ ਸਬਜ਼ੀਆਂ ਦੇ ਬੀਜਾਂ ਵਾਲੀ ਇੱਕ ਕਿੱਟ ਦਿੱਤੀ ਗਈ। ਇਨ੍ਹਾ ਬੀਜਾਂ ਨਾਲ ਔਰਤਾਂ ਨੇ ਆਪਣੇ ਘਰਾਂ ਵਿੱਚ ਮੌਸਮੀ ਸਬਜ਼ੀਆਂ ਉਗਾਈਆਂ।

ਸਾਲ 2023-24, ਦੌਰਾਨ 70 ਮਹਿਲਾ ਮੈਂਬਰਾਂ ਨੂੰ 13 ਕਿਸਮਾਂ ਦੇ ਸਬਜ਼ੀਆਂ ਦੇ ਬੀਜ ਦਿੱਤੇ ਗਏ। ਜਿਨ੍ਹਾਂ ਨੇ ਬਰਸਾਤ ਦੀ ਸ਼ੁਰੂਆਤ ਵਿੱਚ ਬੀਜਾਈ ਕੀਤੀ, ਉਨ੍ਹਾਂ ਦੇ ਬੀਜ ਬਹੁਤ ਜ਼ਿਆਦਾ ਮੀਂਹ ਕਾਰਨ ਉੱਗ ਨਹੀਂ ਸਕੇ। ਪਰ ਜਿਨ੍ਹਾਂ ਔਰਤਾਂ ਨੇ ਕੁਝ ਦੇਰ ਨਾਲ ਬੀਜਾਈ ਕੀਤੀ, ਉਨ੍ਹਾਂ ਵਿੱਚੋਂ ਲਗਭਗ 40 ਫ਼ੀਸਦੀ ਨੂੰ ਵਧੀਆ ਸਬਜ਼ੀਆਂ ਦੀ ਪੈਦਾਵਾਰ ਮਿਲੀ।

ਮਹਿਲਾਵਾਂ ਨੇ ਰਸੋਈ ਦੇ ਜੈਵਿਕ ਕੂੜੇ, ਸੁੱਕੇ ਪੱਤਿਆਂ ਅਤੇ ਬਗੀਚੀ ਦੇ ਹੋਰ ਜੈਵਿਕ ਕੂੜੇ ਤੋਂ ਕੰਪੋਸਟ (ਦੇਸੀ) ਖਾਦ ਤਿਆਰ ਕੀਤੀ। ਇਸ ਤੋਂ ਇਲਾਵਾ **ਪੰਚਗਵਿਆ** ਅਤੇ **ਜੀਵਾਮ੍ਰਿਤ** ਵਰਗੇ ਜੈਵਿਕ ਤਰਲ ਘੋਲ ਤਿਆਰ ਕਰਕੇ ਪੌਦਿਆਂ ਦੇ ਵਿਕਾਸ ਅਤੇ ਰੋਗ-ਪ੍ਰਤੀਰੋਧਕ ਸਮਰੱਥਾ ਸਮਰੱਥਾ ਵਿਚ ਵਾਧਾ ਹੋਇਆ। ਕੀੜਿਆਂ ਅਤੇ ਬਿਮਾਰੀਆਂ ਦੇ ਕੰਟਰੋਲ ਲਈ ਨੀਮ ਦੇ ਤੇਲ ਦਾ ਛਿੜਕਾਅ ਕੀਤਾ ਗਿਆ। ਮਿੱਟੀ ਵਿੱਚ ਨਮੀ ਬਣਾਈ ਰੱਖਣ, ਨਦੀਨਾਂ ਨੂੰ ਰੋਕਣ ਅਤੇ ਮਿੱਟੀ ਦੀ ਸਿਹਤ ਸੁਧਾਰਨ ਲਈ ਪੌਦਿਆਂ ਦੇ ਆਲੇ-ਦੁਆਲੇ ਸੁੱਕੀ ਪਰਾਲੀ ਅਤੇ ਪੱਤਿਆਂ ਦੀ (ਪਰਤ ਵਿਛਾਈ ਗਈ) ਮਲਚਿੰਗ ਕੀਤੀ ਗਈ। ਹਰ ਪਰਿਵਾਰ ਨੇ ਬੈਂਗਣ, ਭਿੰਡੀ, ਟਮਾਟਰ, ਵੱਖ-ਵੱਖ ਕਿਸਮਾਂ ਦੀਆਂ ਲੌਕੀਆਂ, ਖੀਰਾ, ਮੂਲੀ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਉਗਾਈਆਂ। ਇੱਕ ਸੀਜ਼ਨ ਵਿੱਚ ਔਸਤਨ ਹਰ ਪਰਿਵਾਰ ਨੇ 2,500 ਤੋਂ 3,500 ਰੁਪਏ ਮੁੱਲ ਦੀਆਂ ਸਬਜ਼ੀਆਂ ਪੈਦਾ ਕੀਤੀਆਂ।

ਸਾਲ 2024 ਵਿੱਚ ਵੀ ਧਾਰਵਾੜ ਜ਼ਿਲ੍ਹੇ ਵਿੱਚ ਬਹੁਤ ਜ਼ਿਆਦਾ ਮੀਂਹ ਪਿਆ, ਜਿਸ ਕਾਰਨ ਕਈ ਫਸਲਾਂ ਦਾ ਨੁਕਸਾਨ ਹੋਇਆ। ਅਜਿਹੇ ਔਖੇ ਸਮੇਂ ਵਿੱਚ ਲਗਭਗ 25 ਮਹਿਲਾ ਕਿਸਾਨਾਂ ਨੇ ਆਪਣੇ ਘਰਾਂ ਵਿੱਚ ਘਰੇਲੂਬਗੀਚੀ ਤਿਆਰ ਕੀਤੀ। ਇ੍ਹਨਾਂ ਪਰਿਵਾਰਾਂ ਨੇ ਇੱਕ ਸੀਜ਼ਨ ਵਿੱਚ 3,000 ਤੋਂ 4,000 ਰੁਪਏ ਮੁੱਲ ਦੀਆਂ ਸਬਜ਼ੀਆਂ ਉਗਾਈਆਂ। ਜਦੋਂ ਖੇਤਾਂ ਦੀਆਂ ਫਸਲਾਂ ਬਰਬਾਦ ਹੋ ਗਈਆਂ ਸਨ, ਉਸ ਵੇਲੇ ਘਰੇਲੂਬਗੀਚੀ ਇਨ੍ਹਾਂ ਪਰਿਵਾਰਾਂ ਲਈ ਵਰਦਾਨ ਸਾਬਤ ਹੋਈ। ਇਸ ਨੇ ਨਾ ਸਿਰਫ਼ ਪਰਿਵਾਰਾਂ ਨੂੰ ਤਾਜ਼ਾ ਅਤੇ ਪੌਸ਼ਟਿਕ ਸਬਜ਼ੀਆਂ ਪ੍ਰਦਾਨ ਕੀਤੀਆਂ, ਸਗੋਂ ਔਖੇ ਸਮੇਂ ਵਿੱਚ ਆਰਥਿਕ ਸਹਾਰਾ ਵੀ ਦਿੱਤਾ।

AME Foudation
No. 204, 100 Feet Ring Road, 3rd Phase
Banashankari, 2nd Block, 3rd Stage,
Bangalore 560 085, India
www.amefound.org
E-mailL leisaindia@yahoo.co.in
Source :Sustainalbe Vegetable Farming Sep. 2025
LEISA INDIA, Vol.27, No. 3, Sep. P-24-25